# ਪੰਜਾਬ ਐਜੂਸੈਟ ਸੁਸਾਇਟੀ

ਈ ਬਲਾਕ, ਵਿੱਦਿਆ ਭਵਨ, ਟੈਕਸਟ ਬੁੱਕ ਸੈਲ, ਪਹਿਲੀ ਮੰਜ਼ਿਲ
ਪੀ.ਐਸ.ਈ.ਬੀ.ਕੈਂਪਸ, ਫੇਜ਼-8, ਸਾਹਿਬਜਾਦਾ ਅਜੀਤ ਸਿੰਘ ਨਗਰ।
ਫੋਨ ਨੰ. 0172-5218801-16, ਈ-ਮੇਲ: edusat.punjab@gmail.com


ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਐਜੂਸੈਟ ਸੁਵਿਧਾ ਵਾਲੇ ਸਕੂਲਾਂ ਦੇ ਮੁੱਖੀ। (ਵੈਬਸਾਈਟ ਰਾਹੀਂ)

ਮੀਮੋ ਨੰ.:24/24/2015/ਪੀ.ਈ.ਐਸ/ਤਕਨੀਕੀ ਕੰਪਲੇਂਟ/7974
ਮਿਤੀ: 28 ਦੰਸਬਰ, 2015.

ਵਿਸ਼ਾ: ਪੰਜਾਬ ਐਜੂਸੈਟ ਸੁਸਾਇਟੀ ਅਧੀਨ ਜਿਲ੍ਹਿਆਂ ਦੀਆਂ ਸੰਸਥਾਵਾਂ ਵਿੱਚ ਲਗਾਏ ਇਕੁਪਮੈਂਟ (ਜੋ ਵਰੰਟੀ/ਏ.ਐਮ.ਸੀ ਅਧੀਨ ਨਹੀਂ ਹਨ) ਦੀ ਰਿਪੇਅਰ ਅਤੇ ਮੇਨਟੇਨੈਂਸ ਜਿਲ੍ਹਾ ਪੱਧਰ ਤੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਦੀ ਨਿਗਰਾਨੀ ਹੇਠ ਕਰਨ ਸਬੰਧੀ।

ਹਵਾਲਾ: ਪੱਤਰ ਨੰ. 24/24/2015/ਪੀ.ਈ.ਐਸ/ਤਕਨੀਕੀ ਕੰਪਲੇਂਟ/7733, ਮਿਤੀ 05.05.2015

ਹਵਾਲਾ ਅਧੀਨ ਪੱਤਰ ਰਾਹੀਂ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ (ਸੈ.ਸਿ) ਅਤੇ ਐਜੂਸੈਟ ਸੁਵਿਧਾ ਵਾਲੇ ਸਕੂਲਾਂ ਦੇ ਮੁੱਖੀਆਂ ਨੂੰ ਲਿਖਿਆ ਗਿਆ ਸੀ ਕਿ ਜੋ ਆਰ.ਓ.ਟੀ ਵਰੰਟੀ/ਏ.ਐਮ.ਸੀ ਅਧੀਨ ਨਹੀਂ ਹਨ ਦੀ ਸਾਂਭ-ਸੰਭਾਲ ਅਤੇ ਰਿਪੇਅਰ ਜਿਲ੍ਹਾ ਪੱਧਰ ਤੇ ਗਠਿਤ ਕਮੇਟੀ ਵੱਲੋਂ ਕੀਤੀ ਜਾਵੇ ਅਤੇ ਇਸ ਦੀ ਹਫਤਾਵਾਰ ਰਿਪੋਰਟ ਮੁੱਖ ਦਫਤਰ ਨੂੰ ਭੇਜੀ ਜਾਵੇ। ਇਸੇ ਪੱਤਰ ਰਾਹੀਂ ਲਿਖਿਆ ਗਿਆ ਸੀ ਕਿ ਸਟੇਟ ਪੱਧਰ ਤੇ ਮਹੀਨਾਵਾਰ ਮੀਟਿੰਗ ਵਿੱਚ ਹਰ ਇੱਕ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਆਪਣੇ ਜਿਲ੍ਹੇ ਨਾਲ ਸਬੰਧਤ ਆਰ.ਓ.ਟੀ ਦੀ ਰਿਪੋਰਟ ਵੀ ਰੱਖੇਗਾ।

ਇਸ ਪੱਤਰ ਦੀ ਲਗਾਤਾਰਤਾ ਵਿੱਚ ਫਿਰ ਤੋਂ ਲਿਖਿਆ ਜਾਂਦਾ ਹੈ ਕਿ ਆਪਣੇ ਨਾਲ ਸਬੰਧਤ ਆਰ.ਓ.ਟੀਜ਼ ਨੂੰ ਨਿਰਵਿਘਨ ਚਾਲੂ ਰੱਖਿਆ ਜਾਵੇ। ਜਿਹੜੇ ਆਰ.ਓ.ਟੀ ਕਿਸੇ ਤਕਨੀਕੀ ਖਰਾਬੀ ਕਾਰਣ ਚਾਲੂ ਨਹੀਂ ਹਨ ਉਹਨਾਂ ਨੂੰ ਵੀ ਚਾਲੂ ਕਰਵਾ ਕੇ ਜਿਲ੍ਹੇ ਦੇ 100% ਟਾਰਗੇਟ ਨੂੰ ਪੂਰਾ ਕੀਤਾ ਜਾਵੇ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀ ਇਸ ਸੁਵਿਧਾ ਦਾ ਲਾਭ ਉੱਠਾ ਸਕਣ। ਆਪਣੇ ਜਿਲ੍ਹੇ ਵਿੱਚ ਸਥਾਪਿਤ ਕੀਤੇ ਐਜੂਸੈਟ ਦੇ ਸਾਜੋ ਸਮਾਨ ਦੀਆਂ ਚੋਰੀਆਂ ਰੋਕਣ ਲਈ ਹਰ ਸੰਭਵ ਕਦਮ ਉਠਾਏ ਜਾਣ। ਜਿਹੜਿਆਂ ਥਾਵਾਂ ਤੇ ਆਰ.ਓ.ਟੀ ਸਬੰਧੀ ਚੋਰੀ ਹੋਈ ਹੈ ਉਸ ਸਬੰਧੀ ਚੋਰੀ ਹੋਏ ਸਮਾਨ ਦੀ ਲਿਸਟ ਤਿਆਰ ਕਰਕੇ ਮੁੱਖ ਦਫਤਰ ਨੂੰ ਤਜਵੀਜ਼ ਭੇਜੀ ਜਾਵੇ ਤਾਂ ਜੋ ਉਸ ਥਾਂ ਤੇ ਜਲਦੀ ਨਵਾਂ ਉਪਕਰਣ ਲਗਾਉਣ ਦੇ ਉਪਰਾਲੇ ਕੀਤੇ ਜਾਣ। ਇਸ ਤੋਂ ਇਲਾਵਾ ਚੋਰੀ ਹੋਏ ਉਹ ਓਪਰਕਰਣ ਜੋ ਲੱਭ ਜਾਣ ਕਾਰਣ ਪੁਲਿਸ ਦੀ ਕਸਟਡੀ ਵਿੱਚ ਹਨ ਦੀ ਸਪੁਰਦਗੀ ਲੈ ਲਈ ਜਾਵੇ ਅਤੇ ਇਸ ਦੀ ਲਿਸਟ ਮੁੱਖ ਦਫਤਰ ਨੂੰ ਵੀ ਭੇਜੀ ਜਾਵੇ। ਹਰ ਇੱਕ ਜਿਲ੍ਹਾ ਇੱਕ ਮੁਕੰਮਲ ਤਜਵੀਜ਼ ਤਿਆਰ ਕਰਕੇ ਭੇਜੇ ਕਿ ਉਸ ਦੇ ਜਿਲ੍ਹੇ ਵਿੱਚ ਸਾਰੇ ਦੇ ਸਾਰੇ ਆਰ.ਓ.ਟੀ ਚਾਲੂ ਹੋ ਸਕਣ।

ਇਹ ਵੇਖਣ ਵਿੱਚ ਆਇਆ ਹੈ ਕਿ ਬਹੁਤ ਵਾਰ ਮਾਮੂਲੀ ਖਰਾਬੀ (ਲੂਜ਼ ਕੁਨੇਕਸ਼ਨ, ਸੈਟ-ਟਾਪ ਬਾਕਸ ਦੀਆਂ ਸੈਟਿੰਗਸ ਵਿੱਚ ਤਬਦੀਲੀ, ਐਲ.ਐਨ.ਬੀ ਦੀ ਖਰਾਬੀ ਜਾਂ ਡਿਸ਼ ਦੀ ਅਲਾਇੰਨਮੈਂਟ) ਕਾਰਣ ਆਰ.ਓ.ਟੀ ਕੰਮ ਨਹੀਂ ਕਰਦਾ। ਇਸ ਪੱਤਰ ਨਾਲ ਇਹਨਾਂ ਤਕਨੀਕੀ ਨੁਕਸਾਂ ਨੂੰ ਠੀਕ ਕਰਨ ਲਈ ਇੱਕ ਮੈਨੂਅਲ ਭੇਜਿਆ ਜਾ ਰਿਹਾ ਹੈ। ਉਮੀਦ ਹੈ ਕਿ ਇਹ ਮੈਨੂਅਲ ਆਰ.ਓ.ਟੀ ਨੂੰ ਚਾਲੂ ਰੱਖਣ ਲਈ ਅਤੇ ਆਵਾਜ਼ ਨੂੰ ਸੈਟ ਕਰਨ ਲਈ ਲਾਭਦਾਇਕ ਹੋਵੇਗਾ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿੱਠਅੰਕਣ ਨੰ.: 24/24/2015/ਪੀ.ਈ.ਐਸ/ਤਕਨੀਕੀ ਕੰਪਲੇਂਟ/7975
ਮਿਤੀ: 28-12-2015

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡੀ.ਪੀ.ਆਈ.(ਸੈ.ਸਿ), ਪੰਜਾਬ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ।
3. ਸਰਕਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ।
4. ਡਿਪਟੀ ਐਸ.ਪੀ.ਡੀ.ਐਜੂਸੈਟ।
5. ਏ.ਜੀ.ਐਮ.(ਵਿੱਤ), ਵਿਸ਼ਾ ਮਾਹਿਰ ਅਤੇ ਤਕਨੀਕੀ ਸਟਾਫ ਐਜੂਸੈਟ।
6. ਸਮੂਹ ਸਰਕਲ ਅਤੇ ਜਿਲ੍ਹਾ ਐਜੂਸੈਟ ਕੋਆਰਡੀਨੇਟਰ, ਪੰਜਾਬ।
7. ਡੀ.ਐਮ.(ਐਮ.ਆਈ.ਐਸ) ਨੂੰ ਵੈਬਸਾਈਟ ਤੇ ਉਪਲਬਧ ਕਰਵਾਉਣ ਹਿੱਤ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

## ਆਰ.ਓ.ਟੀ ਦੇ ਤਕਨੀਕੀ ਨੁਕਸ ਨੂੰ ਠੀਕ ਕਰਨ ਸਬੰਧੀ ਮੈਨੂਅਲ

(ਸਾਡਾ ਟੀਚਾ 100 % ਆਰ.ਓ.ਟੀ ਫੰਕਸ਼ਨਲ-ਹਰ ਇਕ ਜ਼ਿਲ੍ਹੇ ਲਈ)

| ਲੜੀ ਨੰ. | ਨੁਕਸ ਦੀ ਇਲਾਮਤ | ਸੰਭਵ ਕਾਰਣ | ਠੀਕ ਕਰਨ ਲਈ ਕੀ ਕੀਤਾ ਜਾਵੇ |
|---|---|---|---|
| 1. | ਨੋ-ਸਿਗਨਲ | ਗਲਤ ਇਨਪੁੱਟ ਦੀ ਚੋਣ ਕਾਰਣ। | 1.1 ਐਲ.ਐਫ.ਡੀ/ਪਲਾਜ਼ਮਾ ਨੂੰ ਚਾਲੂ ਕਰੋ, ਸੱਜੇ ਪਾਸੇ ਹੇਠਾਂ ਵੱਲ ਪੀ.ਈ.ਐਸ ਦਾ ਲੋਗੋ ਟੀ.ਵੀ ਤੇ ਆ ਗਿਆ ਹੈ ਤਾ ਸਿਸਟਮ ਠੀਕ ਹੈ। |
| | | | 1.2 ਐਸ.ਟੀ.ਬੀ ਰਿਮੋਟ ਦਾ HDMI ਬਟਨ ਦਬਾਓ ਅਤੇ ਫਿਰ HDMI 1 ਚੁੱਣੋ। (ਪ੍ਰੋਗ੍ਰਾਮ ਚਾਲੂ ਹੋ ਜਾਵੇਗਾ।) |
| | | ਸੈਟ-ਟੱਪ ਬਾਕਸ ਨੂੰ ਰੀਸਟਾਰਟ ਕਰਨ ਦੀ ਲੋੜ ਹੈ। | 1.3 ਐਸ.ਟੀ.ਬੀ ਰਿਮੋਟ ਦਾ ਪਾਵਰ ਬਟਨ ਦੋ ਵਾਰ ਦਬਾਓ, ਜੇਕਰ Boot ਲਿਖਿਆ ਨਜ਼ਰ ਆ ਰਿਹਾ ਹੈ ਤਾਂ ਸਿਸਟਮ ਚਾਲੂ ਹੋ ਗਿਆ ਹੈ। |
| | | ਐਨਟੀਨਾਂ ਦੀ ਦਿਸ਼ਾ ਹਿਲ ਗਈ ਹੋ ਸਕਦੀ ਹੈ | 1.4 ਸੈਟ-ਟੱਪ ਬਾਕਸ ਦੇ ਰਿਮੋਟ ਦਾ Menu button ਦਬਾਓ ਫਿਰ ਉਸ ਵਿੱਚੋ TP ਦਾ ਆਪਸ਼ਨ ਚੁੱਣੋ ਇਸ ਨੂੰ OK ਕਰੋ ਫਿਰ Edit TP option ਦੀ ਚੋਣ ਕਰੋ ਇਸ ਨਾਲ ਸਿਗਨਲ ਲੈਵਲ ਅਤੇ ਕੁਆਲਟੀ ਦੀ ਰੀਡਿੰਗ ਨੋਟ ਕਰੋ ਸਿਗਨਲ 70 ਤੋਂ ਵੱਧ ਅਤੇ ਕੁਆਲਟੀ 65 ਤੋਂ ਵੱਧ ਹੈ ਤਾਂ ਤੁਹਾਡਾ ਸਿਸਟਮ ਠੀਕ ਹੈ।<br>ਜੇਕਰ ਰੀਡਿੰਗ ਘੱਟ ਹੈ ਤਾਂ ਹੇਠਾਂ **'X'** ਅਨੁਸਾਰ ਜੀ।<br>ਨੋਟ: ਡਿਸ਼ ਦੀ ਦਿਸ਼ਾ Azimuth-184°, Direction: South, Elevation-54° ਹੋਣੀ ਜਰੂਰੀ ਹੈ। |
| 2. | ਸੈਟ-ਟੱਪ ਬੋਕਸ ਚਾਲੂ ਨਹੀਂ ਹੋ ਰਿਹਾ | ਸੈਟ-ਟੱਪ ਬੋਕਸ ਦਾ ਅਡੈਪਟਰ ਖਰਾਬ ਹੋ ਗਿਆ ਹੋਵੇਗਾ। | 2.1 ਚੈਕ ਕਰੋ ਕਿ ਸੈਟ-ਟੱਪ ਬੋਕਸ ਵਿੱਚ ਐਲ.ਈ.ਡੀ ਦੀ ਹਰੀ ਬੱਤੀ ਜਗ ਰਹੀ ਹੈ।ਜੇਕਰ ਨਹੀਂ ਤਾਂ ਡੀ.ਸੀ ਇੰਨ ਪੋਰਟ ਨਾਲ ਜੁੜੇ ਅਡੈਪਟਰ ਨੂੰ ਚੈਕ ਕਰੋ। ਜੇਕਰ ਢਿੱਲਾ ਹੈ ਤਾਂ ਕੱਢ ਕੇ ਦੁਬਾਰਾ ਕਸ ਦਿਓ। |
| 3. | ਐਲ.ਐਫ.ਡੀ/ਪਲਾਜ਼ਮਾ ਤੇ ਕੋਈ ਡਿਸਪਲੇ ਨਹੀਂ ਆ ਰਿਹਾ। | ਕਨੈਕਸ਼ਨ ਢਿੱਲਾ ਹੋ ਜਾਣ ਕਰਕੇ। | 3.1 ਚੈਕ ਕਰੋ ਜੇਕਰ ਐਲ.ਸੀ.ਡੀ ਪਲਾਜ਼ਮਾ ਦੀ ਹਰੀ ਬੱਤੀ ਨਹੀਂ ਜਗ ਰਹੀ ਤਾਂ ਬਿਜਲੀ ਦੀ ਤਾਰ ਨੂੰ ਚੈਕ ਕਰੋ ਜੋ ਬਿਜਲੀ ਦੇ ਬੋਰਡ ਵਿੱਚ ਲੱਗੀ ਹੈ। ਉਸ ਨੂੰ ਟਾਈਟ ਕਰੋ ਸਿਸਟਮ ਚਾਲੂ ਹੋ ਜਾਵੇਗਾ। |
| | | | 3.2 ਜੇਕਰ ਹਾਲੇ ਵੀ ਚਾਲੂ ਨਹੀਂ ਹੋਇਆ ਤਾਂ ਬਿਜਲੀ ਦੀ ਤਾਰ ਨੂੰ ਹੋਰ ਪਲੱਗ ਵਿੱਚ ਲਗਾ ਕੇ ਦੇਖੋ।ਜੇਕਰ ਫਿਰ ਵੀ ਚਾਲੂ ਨਹੀਂ ਹੋਇਆ ਤਾਂ ਹੋ ਸਕਦਾ ਹੈ ਕਿ ਤਾਰ ਖਰਾਬ ਹੋਵੇ।<br>ਜੇਕਰ ਸਿਸਟਮ ਚਾਲੂ ਨਹੀਂ ਹੋਇਆ ਤਾਂ ਹੇਠਾਂ **'XX'** ਅਨੁਸਾਰ ਜੀ |
| | | ਹੋ ਸਕਦਾ ਹੈ ਕਿ ਤੁਹਾਡੇ ਵੱਲੋਂ ਗਲਤ ਇਨਪੁੱਟ ਦੀ ਚੋਣ ਕੀਤੀ ਹੋਵੇ | 3.3 ਚੈਕ ਕਰੋ ਕਿ ਐਲ.ਸੀ.ਡੀ ਪਲਾਜ਼ਮਾ ਦੀ ਹਰੀ ਬੱਤੀ ਜਗ ਰਹੀ ਹੈ ਪ੍ਰੰਤੂ ਟੀ.ਵੀ ਤੇ ਸਿਗਨਲ ਨਹੀਂ ਆ ਰਹੀ ਹੈ, HDM1 ਕੇਬਲ ਨੂੰ ਚੈਕ ਕਰੋ ਕਿ ਇਹ ਸੈਟ-ਟੱਪ ਬੋਕਸ ਵਿੱਚੋ ਚੰਗੀ ਤਰ੍ਹਾ ਟਾਈਟ ਫਿੱਟ ਹੈ ਨਹੀਂ ਤਾਂ ਦੁਬਾਰਾ ਕਰ ਦਿਓ ਪ੍ਰੋਗਰਾਮ ਚਾਲੂ ਹੋ ਜਾਵੇਗਾ।<br>3.4 ਜੇਕਰ ਹਾਲੇ ਵੀ ਚਾਲੂ ਨਹੀਂ ਹੋਇਆ ਤਾਂ ਐ.ਐਫ.ਡੀ/ਪਲਾਜ਼ਮਾ ਦਾ ਇਨਪੁੱਟ ਚੈਕ ਕਰੋ। ਐਲ.ਐਫ.ਡੀ ਰਿਮੋਟ ਚੁੱਕੋ ਅਤੇ ਪੀਲਾ HDM1 ਬਟਨ ਦਬਾਓ ਅਤੇ HDM1 ਦੀ ਚੋਣ ਕਰੋ ( ਜੇਕਰ ਐਲ.ਐਫ.ਡੀ ਸੈਮਸੰਗ ਦਾ ਹੈ) ਅਤੇ ਜੇਕਰ ਐਲ.ਜੀ. ਦਾ ਹੈ ਤਾ AV1/AV2 ਇਨਪੁੱਟ ਦੀ ਚੋਣ ਕਰੋ।<br>ਜੇਕਰ ਸਿਸਟਮ ਚਾਲੂ ਨਹੀਂ ਹੋ ਸਕਿਆ ਤਾਂ ਹੇਠਾਂ **'XXX'** ਅਨੁਸਾਰ ਜੀ |
| 4. | 4.1 ਸੈਟ-ਟਾਪ ਬਾਕਸ ਦਾ ਰਿਮੋਟ ਵੱਖਰਾ ਹੈ ਅਤੇ ਐਲ.ਐਫ.ਡੀ/ਪਲਾਜ਼ਮਾ ਦਾ ਰਿਮੋਟ ਵੱਖਰਾ ਹੈ। ਦੋਨਾਂ ਨੂੰ ਮਿਲਾ ਕੇ ਆਵਾਜ਼ ਸੈਟ ਕੀਤੀ ਜਾ ਸਕਦੀ ਹੈ।<br>4.2 ਦੂਜੇ ਫੇਜ਼ ਦੇ ਆਰ.ਓ.ਟੀ (ਜਿੰਨਾਂ ਨਾਲ ਸੈਮਸੰਗ ਦਾ ਐਲ.ਈ.ਡੀ ਹੈ) ਦੀ ਵਰੰਟੀ ਖਤਮ ਹੈ ਪ੍ਰੰਤੂ ਉਹਨਾਂ ਨਾਲ ਸਬੰਧਤ ਯੂ.ਪੀ.ਐਸ, ਬੈਟਰੀਆਂ ਅਤੇ ਸੈਮਸੰਗ ਐਲ.ਈ.ਡੀ ਇੰਸਟਾਲੇਸ਼ਨ ਦੀ ਮਿਤੀ ਤੋਂ (ਜੋ ਸਕੂਲ ਵਿੱਚ ਉਪਲੱਬਧ ਹੈ)ਤਿੰਨ ਸਾਲ ਲਈ ਵਰੰਟੀ ਵਿੱਚ ਹਨ ਦੇ ਯੂ.ਪੀ.ਐਸ, ਬੈਟਰੀਆਂ ਅਤੇ ਸੈਮਸੰਗ ਐਲ.ਈ.ਡੀ ਦੀ ਤਕਨੀਕੀ ਸ਼ਿਕਾਇਤ ਹੈਲਪ-ਡੈਸਕ ਤੇ ਟੋਲ ਫ੍ਰੀ ਨੰਬਰ 1800-3000-2050 ਤੇ ਦਰਜ ਕਰਵਾਈ ਜਾਣੀ ਹੈ ਅਤੇ ਇਸ ਦਾ ਨੰਬਰ ਨੋਟ ਕੀਤਾ ਜਾਣਾ ਜਰੂਰੀ ਹੈ।<br>4.3 ਪਹਿਲੇ ਫੇਜ਼ ਦੇ ਆਰ.ਓ.ਟੀ ਦੀ ਸਮੁੱਚੀ ਵਰੰਟੀ ਖਤਮ ਹੈ ਅਤੇ ਇਸ ਦਾ ਤਕਨੀਕੀ ਨੁਕਸ ਪੱਤਰ ਨੰ:24/24/2015/ਪੀ.ਈ.ਐਸ/ਤਕਨੀਕੀ ਕੰਪਲੇਂਟ/7733 ਮਿਤੀ 5 ਮਈ 2015 ਦੀਆਂ ਹਦਾਇਤਾਂ ਅਨੁਸਾਰ ਠੀਕ ਕਰਵਾਉਣਾ ਸਬੰਧਤ ਜ਼ਿਲ੍ਹੇ ਅਤੇ ਸਕੂਲ ਮੁੱਖੀ ਦੀ ਜਿੰਮੇਵਾਰੀ ਹੈ।<br>4.4 **'X','XX','XXX'** ਦੇ ਬਾਰੇ ਵਿੱਚ ਇਸ ਦਫਤਰ ਵੱਲੋ ਭੇਜੇ ਪੱਤਰ ਨੰ: 24/24/2015/ਪੀ.ਈ.ਐਸ/ਤਕਨੀਕੀ ਕੰਪਲੇਂਟ/7733 ਮਿਤੀ 5 ਮਈ 2015 ਦੀਆਂ ਹਦਾਇਤਾਂ ਅਨੁਸਾਰ ਆਰ.ਓ.ਟੀ ਸਿਸਟਮ ਨੂੰ ਚਾਲੂ ਕਰਵਾਉਣਾ ਸਬੰਧਤ ਜ਼ਿਲ੍ਹੇ ਅਤੇ ਸਕੂਲ ਮੁੱਖੀ ਦੀ ਜਿੰਮੇਵਾਰੀ ਹੈ। | | |